ਕੀਤੀ ਗਈ ਜਾਣਕਾਰੀ ਸਹੀ ਹੈ (ਉਦਾਹਰਨ: ਨਾਂ ਅਤੇ ਪਤਾ), ਅਤੇ DMV ਪ੍ਰਤੀਨਿਧੀ ਦੀ ਵਿੰਡੋ ਛੱਡਣ ਤੋਂ ਪਹਿਲਾਂ ਦਸਤਾਵੇਜ਼ ਦੇ ਮੁਹਰੇ ਦਿੱਤੇ ਗਏ ਖਾਲੀ ਸਥਾਨ ਵਿੱਚ ਦਸਤਖ਼ਤ ਕਰੋ। ਜੇ ਤੁਹਾਨੂੰ ਇੰਟਰੀਮ ਜਾਂ ਅਸਥਾਈ **ਡਰਾਈਵਰ ਲਾਇੰਸਸ** ਜਾਰੀ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਡ੍ਰਾਈਵਿੰਗ ਟੈਸਟ ਪੂਰਾ ਨਹੀਂ ਕਰਨਾ ਹੈ, ਤਾਂ ਚਰਣ 7 'ਤੇ ਜਾਉ। ਜੇ ਤੁਹਾਨੂੰ **ਡਰਾਈਵਰ ਪਰਮਿਟ** ਜਾਰੀ ਕੀਤਾ ਗਿਆ ਹੈ, ਤਾਂ ਲਾਗੂ ਪਾਬੰਦੀਆਂ ਨੂੰ ਸਮਝਣਾ ਯਕੀਨੀ ਬਣਾਉਣ ਲਈ ਆਪਣੇ ਪਰਮਿਟ ਨੂੰ ਧਿਆਨ ਨਾਲ ਪੜ੍ਹੋ।

**ਨੋਟ:** ਪ੍ਰੋਵਿਜ਼ਨਲ ਪਰਮਿਟ **ਉਦੋਂ ਤੱਕ ਯੋਗ ਨਹੀਂ** ਹੁੰਦਾ ਜਦੋਂ ਤੱਕ ਤੁਸੀਂ ਬਿਹਾਇੰਡ-ਦਿ-ਵ੍ਹੀਲ ਡਰਾਈਵਰ ਸਿਖਲਾਈ ਕਲਾਸ ਸ਼ੁਰੂ ਨਹੀਂ ਕਰਦੇ ਅਤੇ ਤੁਹਾਡੇ ਪਰਮਿਟ ਤੇ ਨਿਰਦੇਸ਼ਕ ਦੁਆਰਾ ਦਸਤਖ਼ਤ ਨਹੀਂ ਕੀਤੇ ਜਾਂਦੇ ਜਾਂ ਤੁਹਾਡੀ ਉਮਰ 17 ½ ਸਾਲ ਨਹੀਂ ਹੋ ਜਾਂਦੀ।

ਚਰਣ 5

## ਡ੍ਰਾਈਵਿੰਗ ਟੈਸਟ ਦੀ ਤਿਆਰੀ ਕਰਨਾ ਅਤੇ ਟੈਸਟ ਦੇਣਾ

ਭਾਵੇਂ ਤੁਸੀਂ ਪਹਿਲਾਂ ਵੀ ਗੱਡੀ ਚਲਾਈ ਹੋਵੇ, ਤਾਂ ਵੀ ਡ੍ਰਾਈਵਿੰਗ ਟੈਸਟ ਅਪੌਇੰਟਮੈਂਟ ਲੈਣ ਤੋਂ ਪਹਿਲਾਂ ਡ੍ਰਾਈਵਿੰਗ ਦਾ ਅਭਿਆਸ ਕਰਨਾ ਵਧੀਆ ਰਹੇਗਾ। ਹੋਰ ਵਿਸਤ੍ਰਿਤ ਜਾਣਕਾਰੀ ਲਈ DMV'ਦਾ ਡ੍ਰਾਈਵਿੰਗ ਟੈਸਟ (DMV's Driving Test (FFDL 22)) ਬਾਰੇ ਕੁਝ ਤੱਥ (Fast Facts) ਬਰੋਸ਼ਰ ਦੇਖੋ। ਬਿਹਾਇੰਡ-ਦਿ-ਵ੍ਹੀਲ ਡ੍ਰਾਈਵਿੰਗ ਟੈਸਟ ਸਿਰਫ ਅਪੌਇੰਟਮੈਂਟ ਰਾਹੀਂ ਉਪਲਬਧ ਹਨ। ਤਿਆਰੀ ਕਰ ਲੈਣ 'ਤੇ, ਤੁਸੀਂ **www.dmv.ca.gov** 'ਤੇ ਔਨਲਾਈਨ ਜਾਂ 1-800-777-0133 'ਤੇ ਕਾਲ ਕਰਕੇ ਅਪੌਇੰਟਮੈਂਟ ਤੈਅ ਕਰ ਸਕਦੇ ਹੋ। ਤੁਹਾਡੇ ਡ੍ਰਾਈਵਿੰਗ ਟੈਸਟ ਅਪੌਇੰਟਮੈਂਟ ਵਾਲੇ ਦਿਨ, ਤੁਹਾਡੇ ਪਰਮਿਟ ਵਿੱਚ ਦੱਸੀਆਂ ਪਾਬੰਦੀਆਂ ਅਨੁਸਾਰ ਸਾਥੀ ਲਾਈਸੈਂਸ ਡਰਾਈਵਰ ਦੇ ਨਾਲ 10-15 ਮਿੰਟ ਪਹਿਲਾਂ ਪਹੁੰਚੋ। START HERE ਵਿੰਡੋ 'ਤੇ ਜਾਂ ਸੰਬੰਧਿਤ ਚੈੱਕ-ਇਨ ਕਾਉਂਟਰ 'ਤੇ ਜਾਉ।

ਤੁਹਾਨੂੰ ਇਹ ਚੀਜ਼ਾਂ ਚਾਹੀਦੀਆਂ ਹੋਣਗੀਆਂ:

- ਗੱਡੀ ਦੇ ਰਜਿਸਟ੍ਰੇਸ਼ਨ ਦਾ ਵਰਤਮਾਨ ਸਬੂਤ।
- ਗੱਡੀ ਦੇ ਇੰਸ਼ੋਰੈਂਸ ਦਾ ਵਰਤਮਾਨ ਸਬੂਤ।
- ਤੁਹਾਨੂੰ ਜਾਰੀ ਕੀਤਾ ਗਿਆ ਪਰਮਿਟ।
- ਕਿਸੇ ਵੀ ਰਾਜ ਜਾਂ ਦੇਸ਼ ਦੁਆਰਾ ਜਾਰੀ ਕੀਤਾ ਗਿਆ ਡਰਾਈਵਰ ਲਾਈਸੈਂਸ ਜਾਂ ਪਰਮਿਟ (ਜੇ ਲਾਗੂ ਹੁੰਦਾ ਹੈ)।

ਜੇ ਤੁਸੀਂ ਪ੍ਰੋਵਿਜ਼ਨਲ ਡਰਾਈਵਰ ਹੋ, ਤਾਂ ਤੁਹਾਨੂੰ ਇਹ ਵੀ ਲਿਆਉਣ ਦੀ ਲੋੜ ਹੈ:

- ਡਰਾਈਵਰ ਸਿਖਲਾਈ ਪੂਰਾ ਕਰਨ ਦਾ ਪ੍ਰਮਾਣਪੱਤਰ ਜਾਂ ਏਕੀਕ੍ਰਿਤ ਡਰਾਈਵਰ ਸਿੱਖਿਆ/ਡਰਾਈਵਰ ਸਿਖਲਾਈ ਪ੍ਰੋਗਰਾਮ ਪੂਰਾ ਕਰਨ ਦਾ ਪ੍ਰਮਾਣਪੱਤਰ।
- ਪਾਲਕ/ਸਰਪ੍ਰਸਤ ਦੁਆਰਾ ਦਸਤਖ਼ਤ ਕੀਤਾ ਪਰਮਿਟ ਅਤੇ ਡਰਾਈਵਰ ਸਿਖਲਾਈ ਕੋਰਸ ਦਾ ਪ੍ਰਬੰਧ ਕਰਨ ਵਾਲੇ ਡ੍ਰਾਈਵਿੰਗ ਨਿਰਦੇਸ਼ਕ ਦੇ ਦਸਤਖ਼ਤ।

ਪ੍ਰਤੀਨਿਧੀ ਤੁਹਾਡੇ ਪੇਪਰਵਰਕ ਦੀ ਸਮੀਖਿਆ ਕਰੇਗਾ, ਅਤੇ ਤੁਹਾਨੂੰ ਆਪਣੀ ਗੱਡੀ ਚਲਾਉਣ ਲਈ ਕਹੇਗਾ।DMV ਨਿਰੀਖਕ ਤੁਹਾਡੇ ਬਿਹਾਇੰਡ-ਦਿ-ਵ੍ਹੀਲ ਡ੍ਰਾਈਵਿੰਗ ਟੈਸਟ ਦਾ ਪ੍ਰਬੰਧ ਕਰੇਗਾ। ਡ੍ਰਾਈਵਿੰਗ ਟੈਸਟ ਦੇ ਦੌਰਾਨ ਨਿਰੀਖਕ ਤੋਂ ਬਿਨਾ ਕਿਸੇ ਹੋਰ ਨੂੰ ਤੁਹਾਡੇ ਨਾਲ ਆਉਣ ਦੀ ਇਜਾਜ਼ਤ ਨਹੀਂ ਹੈ। ਸਿਖਲਾਈ, ਅਤੇ ਕੁਝ ਕਾਨੂੰਨੀ ਤੌਰ 'ਤੇ ਲਾਗੂ ਸਥਿਤੀਆਂ ਲਈ ਅਪਵਾਦ ਬਣਾਏ ਗਏ ਹਨ। ਤੁਹਾਡਾ ਡ੍ਰਾਈਵਿੰਗ ਟੈਸਟ ਗੱਡੀ ਦੀ ਸੁਰੱਖਿਆ ਜਾਂਚ ਦੇ ਨਾਲ ਸ਼ੁਰੂ ਹੁੰਦਾ ਹੈ। ਇਹ ਪ੍ਰੀ-ਡ੍ਰਾਈਵ ਨਿਰੀਖਣ ਦਰਸਾਉਂਦਾ ਹੈ ਕਿ ਤੁਸੀਂ ਆਪਣੀ ਗੱਡੀ ਤੋਂ ਜਾਣੂ ਹੋ ਅਤੇ ਤੁਹਾਡੀ ਗੱਡੀ DMV ਦੀਆਂ ਨਿਊਨਤਮ ਸੁਰੱਖਿਆ ਲੋੜਾਂ ਨੂੰ ਪੂਰਾ ਕਰਦੀ ਹੈ।

**ਨੋਟ:** ਪ੍ਰੀ-ਡ੍ਰਾਈਵ ਨਿਰੀਖਣ ਦੇ ਦੌਰਾਨ ਗੱਡੀ ਦੇ ਕੁਝ ਕੰਟਰੋਲਾਂ ਦੀ ਪਛਾਣ ਅਤੇ ਵਰਤੋਂ ਲਈ ਦੁਭਾਸ਼ੀਏ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਉਹ ਡ੍ਰਾਈਵਿੰਗ ਟੈਸਟ ਦੇ ਦੌਰਾਨ ਤੁਹਾਡੇ ਨਾਲ ਨਹੀਂ ਜਾ ਸਕਦੇ।

ਪਾਸ ਨਹੀਂ ਹੋਏ? ਚਿੰਤਾ ਨਾ ਕਰੋ। ਇਸ ਚਰਣ ਨੂੰ ਦੁਹਰਾਉਣ ਲਈ ਤੁਸੀਂ ਅਪੌਇੰਟਮੈਂਟ ਲੈ ਸਕਦੇ ਹੋ। ਪ੍ਰੋਵਿਜ਼ਨਲ ਬਿਨੈਕਾਰਾਂ ਨੂੰ ਦੁਬਾਰਾ ਟੈਸਟ ਦੇਣ ਤੋਂ ਪਹਿਲਾਂ ਦੋ (2) ਹਫ਼ਤੇ ਤੱਕ ਉਡੀਕ ਕਰਨੀ ਜ਼ਰੂਰੀ ਹੈ। ਦੁਬਾਰਾ ਟੈਸਟ ਦੇਣ ਦੀ ਫੀਸ ਬਾਰੇ ਜਾਣਕਾਰੀ ਲਈ DMV ਵੈਬਸਾਈਟ ਚੈੱਕ ਕਰੋ। ਜੇ ਤੁਸੀਂ ਤਿੰਨ (3) ਕੋਸ਼ਿਸ਼ਾਂ ਤੋਂ ਬਾਅਦ ਵੀ ਡ੍ਰਾਈਵਿੰਗ ਟੈਸਟ ਪਾਸ ਨਹੀਂ ਕਰਦੇ ਹੋ, ਤਾਂ ਤੁਹਾਨੂੰ ਐਪਲੀਕੇਸ਼ਨ ਪ੍ਰਕਿਰਿਆ ਦੁਬਾਰਾ ਸ਼ੁਰੂ ਕਰਨ ਦੀ ਲੋੜ ਹੋਵੇਗੀ (ਚਰਣ 1 'ਤੇ ਜਾਉ)। ਡ੍ਰਾਈਵਿੰਗ ਟੈਸਟ ਪਾਸ ਕਰ ਲਿਆ? **ਵਧਾਈਆਂ!**

ਚਰਣ 6

ਚਰਣ 7

## ਆਪਣਾ ਡਰਾਈਵਰ ਲਾਈਸੈਂਸ ਪ੍ਰਾਪਤ ਕਰਨਾ

ਟੈਸਟਿੰਗ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ, ਤੁਹਾਨੂੰ ਇੰਟਰੀਮ ਜਾਂ ਅਸਥਾਈ ਲਾਈਸੈਂਸ ਜਾਰੀ ਕੀਤਾ ਜਾ ਸਕਦਾ ਹੈ। ਇੰਟਰੀਮ ਲਾਈਸੈਂਸ ਤੁਹਾਨੂੰ ਜਾਰੀ ਕੀਤਾ ਗਿਆ ਪੇਪਰ ਡਰਾਈਵਰ ਲਾਈਸੈਂਸ ਹੁੰਦਾ ਹੈ ਜਦੋਂ ਕਿ ਹਾਰਡ ਕਾਪੀ ਲਾਈਸੈਂਸ ਪ੍ਰਕਿਰਿਆ ਅਧੀਨ ਹੁੰਦੀ ਹੈ। ਅਸਥਾਈ ਲਾਈਸੈਂਸ ਜਾਰੀ ਕੀਤਾ ਗਿਆ ਪੇਪਰ ਡਰਾਈਵਰ ਲਾਈਸੈਂਸ ਹੁੰਦਾ ਹੈ ਕਿਉਂਕਿ ਅਰਜ਼ੀ ਅਧੂਰੀ ਹੁੰਦੀ ਹੈ ਅਤੇ ਵਾਧੂ ਜਾਣਕਾਰੀ ਜਾਂ ਲੋੜਾਂ ਅਧੂਰੀਆਂ ਹੁੰਦੀਆਂ ਹਨ।

ਇੰਟਰੀਮ ਜਾਂ ਅਸਥਾਈ ਡਰਾਈਵਰ ਲਾਈਸੈਂਸ ਲਗਭਗ 60 ਦਿਨਾਂ ਲਈ ਯੋਗ ਹੋ ਸਕਦਾ ਹੈ। ਤੁਸੀਂ ਆਪਣੇ ਲਾਈਸੈਂਸ ਦੀ ਮਿਆਦ ਪੂਰੀ ਹੋਣ ਤੱਕ ਸਾਥੀ ਡਰਾਈਵਰ ਤੋਂ ਬਿਨਾ ਡ੍ਰਾਈਵ ਕਰ ਸਕਦੇ ਹੋ।

ਜੇ ਤੁਹਾਨੂੰ ਆਪਣਾ ਡਰਾਈਵਰ ਲਾਈਸੈਂਸ 60 ਦਿਨਾਂ ਦੇ ਅੰਦਰ ਨਹੀਂ ਮਿਲਦਾ ਹੈ, ਤਾਂ ਕਿਰਪਾ ਕਰਕੇ 1-800-777-0133 'ਤੇ ਕਾਲ ਕਰੋ।

# 7

# ਕੈਲੀਫੋਰਨੀਆਂ ਡਰਾਈਵਰ ਲਾਈਸੈਂਸ ਲਈ ਕਿਵੇਂ ਤਿਆਰੀ ਕਰੋ ਅਤੇ ਅਰਜ਼ੀ ਦਿਓ

ਪੰਜਾਬੀ

1915 DEPARTMENT OF MOTOR VEHICLES 2015 DMV 100 YEARS STATE OF CALIFORNIA

**www.dmv.ca.gov**

FFDL 7 PUNJABI (NEW 1/2015) **WWW**

# ਮੈਂ ਪਹਿਲੀ ਵਾਰ ਕੈਲੀਫੋਰਨੀਆਂ ਡਰਾਈਵਰ ਲਾਈਸੈਂਸ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (Department of Motor Vehicles (DMV)) ਦੇ ਨਾਲ ਮੂਲ ਕੈਲੀਫੋਰਨੀਆਂ ਡਰਾਈਵਰ ਲਾਈਸੈਂਸ (California driver license (ਕਲਾਸ C)) ਲਈ ਅਰਜ਼ੀ ਦੇਣ ਦੇ ਚਰਣ ਇਸ ਬਰੋਸ਼ਰ ਵਿੱਚ ਦੱਸੇ ਗਏ ਹਨ। ਹਰੇਕ ਚਰਣ ਨੂੰ ਕ੍ਰਮਵਾਰ ਪੜ੍ਹਿਆ ਜਾਣਾ ਚਾਹੀਦਾ ਹੈ। ਤੁਸੀਂ ਵਾਧੂ ਪਬਲੀਕੇਸ਼ਨਾਂ ਦਾ ਹਵਾਲਾ ਲੈ ਸਕਦੇ ਹੋ ਜੋ ਕਿ ਸਾਡੀ ਵੈਬਸਾਈਟ **www.dmv.ca.gov/pubs/pubs.htm** ‘ਤੇ ਮਿਲ ਸਕਦੇ ਹਨ।

ਚਰਣ 1

## DMV ਖੇਤਰੀ ਦਫ਼ਤਰ ਜਾਣ ਤੋਂ ਪਹਿਲਾਂ

ਗਿਆਨ ਟੈਸਟ ਬਾਰੇ ਅਭਿਆਸ ਕਰੋ। ਅਭਿਆਸ ਲਈ ਸਮੱਗਰੀ DMV ਵੈਬਸਾਈਟ ‘ਤੇ ਉਪਲਬਧ ਹੈ ਅਤੇ ਇਸ ਵਿੱਚ ਇਹ ਸ਼ਾਮਲ ਹੈ:

- ਕੈਲੀਫੋਰਨੀਆਂ ਡਰਾਈਵਰ ਹੈਂਡਬੁੱਕ (California Driver Handbook) (ਖੇਤਰੀ ਦਫ਼ਤਰਾਂ ਵਿੱਚ ਅਨੇਕਾਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ)।
- ਨਮੂਨੇ ਟੈਸਟ।
- ਸੜਕ ਸੰਕੇਤਾਂ ਲਈ ਫਲੈਸ਼ਕਾਰਡ।

ਡਰਾਈਵਰ ਲਾਈਸੈਂਸ ਲਈ ਅਰਜ਼ੀ ਦੇਣ ਵਾਸਤੇ ਲੋੜੀਂਦੇ ਦਸਤਾਵੇਜ਼ ਇਕੱਠੇ ਕਰੋ। ਇਹਨਾਂ ਮੂਲ ਜਾਂ ਪ੍ਰਮਾਣਿਤ ਦਸਤਾਵੇਜ਼ਾਂ ਵਿੱਚ ਪਛਾਣ, ਜਨਮ ਤਾਰੀਖ, ਅਸਲੀ ਪੂਰਾ ਨਾਂ, ਰਿਹਾਇਸ਼, ਅਤੇ/ਜਾਂ ਕਾਨੂੰਨੀ ਮੌਜੂਦਗੀ (ਉਦਾਹਰਣ: ਜਨਮ ਦਾ ਪ੍ਰਮਾਣਪੱਤਰ ਅਤੇ ਪਾਸਪੋਰਟ) ਸ਼ਾਮਲ ਹਨ। ਪ੍ਰਮਾਣਿਤ ਅਤੇ ਮੂਲ ਦਸਤਾਵੇਜ਼ਾਂ ਬਾਰੇ ਜਾਣਕਾਰੀ ਲਈ, ਅਤੇ ਸਵੀਕਾਰਯੋਗ ਦਸਤਾਵੇਜ਼ਾਂ ਦੀ ਪੂਰੀ ਸੂਚੀ ਲਈ ਇਸਦਾ ਹਵਾਲਾ ਲਓ: ਕੈਲੀਫੋਰਨੀਆਂ ਡਰਾਈਵਰ ਲਾਈਸੈਂਸ ਲਈ ਜ਼ਰੂਰਤਾਂ (Requirements for a California Driver License (FFDL 5)) ਬਾਰੇ ਕੁਝ ਤੱਥ (Fast Facts) ਬਰੋਸ਼ਰ।

ਜੇ ਤੁਹਾਡੇ ਕੋਲ ਸੋਸ਼ਲ ਸਿਕਯੁਰਿਟੀ ਨੰਬਰ (ਸਮਾਜਕ ਸੁਰੱਖਿਆ ਨੰਬਰ) ਹੈ ਜਾਂ ਇਸਨੂੰ ਪ੍ਰਾਪਤ ਕਰਨ ਦੇ ਯੋਗ ਹੋ, ਤਾਂ ਤੁਹਾਨੂੰ ਆਪਣੀ ਅਰਜ਼ੀ ਵਿੱਚ ਇਹ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਸੋਸ਼ਲ ਸਿਕਯੁਰਿਟੀ ਨੰਬਰ (Social Security Number (FFDL 8)) ਬਾਰੇ ਕੁਝ ਤੱਥ (Fast Facts) ਬਰੋਸ਼ਰ ਦਾ ਹਵਾਲਾ ਲਓ।

DMV ਦਫ਼ਤਰ ਵਿਖੇ ਜਾਣ ਤੋਂ ਪਹਿਲਾਂ ਅਪੌਇੰਟਮੈਂਟ ਲਓ (ਵਾਕ-ਇਨਸ ਸਿਰਫ ਸਾਡੇ ਡਰਾਈਵਰ ਲਾਈਸੈਂਸ ਪ੍ਰਕਿਰਿਆ ਕੇਂਦਰਾਂ ਵਿਖੇ ਸਵੀਕਾਰਯੋਗ ਹਨ)। ਅਪੌਇੰਟਮੈਂਟ **www.dmv.ca.gov** ‘ਤੇ ਔਨਲਾਈਨ ਜਾ ਕੇ ਜਾਂ 1-800-777-0133 ‘ਤੇ ਕਾਲ ਕਰਕੇ ਲਈ ਜਾ ਸਕਦੀ ਹੈ।

ਚਰਣ 2

## ਜਦੋਂ ਤੁਸੀਂ DMV ਖੇਤਰੀ ਦਫ਼ਤਰ ਵਿਖੇ ਆਉਂਦੇ ਹੋ

START HERE ਵਿੰਡੋ ‘ਤੇ ਜਾਉ, ਜਿਸਦੀ ਪਛਾਣ ਸੰਕੇਤ ਦੁਆਰਾ ਦੱਸੀ ਜਾਵੇਗੀ। ਤੁਹਾਨੂੰ ਡਰਾਈਵਰ ਲਾਈਸੈਂਸ ਜਾਂ ਪਛਾਣ ਕਾਰਡ ਅਰਜ਼ੀ (Driver License or Identification Card Application (DL 44)) ਫਾਰਮ ਪੂਰਾ ਕਰਨ ਦੀ ਲੋੜ ਹੋਵੇਗੀ। ਤੁਸੀਂ ਡਰਾਈਵਰ ਲਾਈਸੈਂਸ ਜਾਂ ਪਛਾਣ ਕਾਰਡ ਅਰਜ਼ੀ (DL 44) ਖੇਤਰੀ ਦਫ਼ਤਰਾਂ ਵਿੱਚ ਪ੍ਰਾਪਤ ਕਰ ਸਕਦੇ ਹੋ ਜਾਂ 1-800-777-0133 ‘ਤੇ ਕਾਲ ਕਰਕੇ ਡਾਕ ਰਾਹੀਂ ਮੰਗਵਾ ਸਕਦੇ ਹੋ।

**ਨੋਟ:** ਡਰਾਈਵਰ ਲਾਈਸੈਂਸ ਜਾਂ ਪਛਾਣ ਕਾਰਡ ਅਰਜ਼ੀ (DL 44) ‘ਤੇ ਉਦੋਂ ਤੱਕ ਦਸਤਖ਼ਤ ਨਾ ਕਰੋ ਜਦੋਂ ਤੱਕ ਤੁਹਾਨੂੰ DMV ਪ੍ਰਤੀਨਿਧੀ ਦੁਆਰਾ ਅਜਿਹਾ ਕਰਨ ਲਈ ਕਿਹਾ ਨਾ ਜਾਵੇ।

ਤੁਹਾਨੂੰ ਹੋਰ ਇਹ ਚੀਜ਼ਾਂ ਚਾਹੀਦੀਆਂ ਹੋਣਗੀਆਂ:

- ਤੁਹਾਡੇ ਲੈਣ-ਦੇਣ ਲਈ ਸਹੀ ਫੀਸ(ਾਂ) (ਨਕਦ, ਚੈਕ, ਮਨੀ ਆਰਡਰ ਜਾਂ ATM/ਡੇਬਿਟ; DMV ਖੇਤਰੀ ਦਫਤਰਾਂ ਵਿਖੇ ਕ੍ਰੈਡਿਟ ਕਾਰਡ ਸਵੀਕਾਰਯੋਗ ਨਹੀਂ ਹਨ)।
- ਇਹਨਾਂ ਮੂਲ ਜਾਂ ਪ੍ਰਮਾਣਿਤ ਦਸਤਾਵੇਜ਼ਾਂ ਵਿੱਚ ਪਛਾਣ, ਜਨਮ ਤਾਰੀਖ, ਅਸਲੀ ਪੂਰਾ ਨਾਂ, ਰਿਹਾਇਸ਼, ਅਤੇ/ਜਾਂ ਕਾਨੂੰਨੀ ਮੌਜੂਦਗੀ ਸ਼ਾਮਲ ਹਨ।
- ਕਿਸੇ ਵੀ ਰਾਜ ਦੁਆਰਾ ਜਾਰੀ ਕੀਤਾ ਗਿਆ ਡਰਾਈਵਰ ਲਾਈਸੈਂਸ ਜਾਂ ਪਰਮਿਟ (ਜੇ ਲਾਗੂ ਹੁੰਦਾ ਹੈ)।

ਚਰਣ 2

ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਤੁਸੀਂ ਪ੍ਰੋਵੀਜ਼ਨਲ ਪਰਮਿਟ/ਲਾਈਸੈਂਸ ਲਈ ਅਰਜ਼ੀ ਦੇ ਸਕਦੇ ਹੋ। ਉਪਰੋਕਤ ਚੀਜ਼ਾਂ ਤੋਂ ਇਲਾਵਾ, ਤੁਹਾਨੂੰ ਇਹਨਾਂ ਦੀ ਲੋੜ ਪਵੇਗੀ:

- ਡਰਾਈਵਰ ਸਿੱਖਿਆ ਪੂਰਾ ਕਰਨ ਦਾ ਪ੍ਰਮਾਣਪੱਤਰ ਜਾਂ ਏਕੀਕ੍ਰਿਤ ਡਰਾਈਵਰ ਸਿੱਖਿਆ/ਡਰਾਈਵਰ ਸਿਖਲਾਈ ਪ੍ਰੋਗਰਾਮ ਵਿੱਚ ਦਾਖ਼ਲਾ।
- ਡਰਾਈਵਰ ਲਾਈਸੈਂਸ ਜਾਂ ਪਛਾਣ ਕਾਰਡ ਅਰਜ਼ੀ (DL 44) ਦੇ ਸਹੀ ਸੈਕਸ਼ਨ ਵਿੱਚ ਕਸਟਡੀ ਸਮੇਤ ਸਾਰੇ ਪਾਲਕਾਂ/ਸਰਪ੍ਰਸਤ ਦੇ ਦਸਤਖ਼ਤ।

**ਨੋਟ:** ਵਾਧੂ ਜਾਣਕਾਰੀ ਲਈ ਪ੍ਰੋਵਿਜ਼ਨਲ ਲਾਈਸੈਂਸ (Provisional Licensing (FFDL 19)) ਬਾਰੇ ਕੁਝ ਤੱਥ (Fast Facts) ਬਰੋਸ਼ਰ ਦੇਖੋ।

ਪ੍ਰਤੀਨਿਧੀ ਤੁਹਾਨੂੰ ਇੱਕ ਨੰਬਰ ਦੇ ਸਕਦਾ ਹੈ ਅਤੇ/ਜਾਂ ਤੁਹਾਨੂੰ ਉਡੀਕ ਕਰਨ ਲਈ ਕਹਿ ਸਕਦਾ ਹੈ। ਤੁਹਾਡੀ ਵਾਰੀ ਆਉਣ ‘ਤੇ, ਤੁਹਾਨੂੰ ਅਰਜ਼ੀ ਦੀ ਪ੍ਰਕਿਰਿਆ ਲਈ ਵਿੰਡੋ ‘ਤੇ ਬੁਲਾਇਆ ਜਾਵੇਗਾ।

ਚਰਣ 3

## ਜਦੋਂ ਤੁਹਾਨੂੰ ਪ੍ਰਤੀਨਿਧੀ ਦੀ ਵਿੰਡੋ ‘ਤੇ ਬੁਲਾਇਆ ਜਾਂਦਾ ਹੈ

ਪਹਿਲਾਂ ਸੂਚੀਬੱਧ ਸਾਰੇ ਦਸਤਾਵੇਜ਼ (ਚਰਣ 2 ਵਿੱਚ ਦੱਸੇ) ਪ੍ਰਦਾਨ ਕਰੋ। ਇਹ ਦਸਤਾਵੇਜ਼ ਤੁਹਾਡੀ ਜਾਣਕਾਰੀ ਦੀ ਤਸਦੀਕ ਕਰਨ ਅਤੇ DMV ਰਿਕਾਰਡ ਬਣਾਉਣ ਲਈ ਵਰਤੇ ਜਾਂਦੇ ਹਨ। ਪ੍ਰਤੀਨਿਧੀ ਤੁਹਾਡੇ ਫਿੰਗਰਪ੍ਰਿੰਟ ਸਕੈਨ ਕਰੇਗਾ। ਤੁਹਾਡੀ ਫ਼ੋਟੋ ਅਤੇ ਟੈਸਟ ਲੈਣ ਲਈ ਵੀ ਇਸ ਫਿੰਗਰਪ੍ਰਿੰਟ ਨੂੰ ਵਰਤਿਆ ਜਾਵੇਗਾ। ਤੁਹਾਡੀ ਜਾਣਕਾਰੀ ਨੂੰ ਕੰਪਿਊਟਰ ਵਿੱਚ ਦਰਜ ਕਰਨ ਤੋਂ ਬਾਅਦ, ਐਪਲੀਕੇਸ਼ਨ ਫੀਸ (ਜਾਂ ਕੋਈ ਹੋਰ ਲਾਗੂ ਫੀਸ) ਲਈ ਜਾਵੇਗੀ।

ਪ੍ਰਤੀਨਿਧੀ ਤੁਹਾਡੀ ਨਜ਼ਰ ਦੀ ਜਾਂਚ ਕਰੇਗਾ (ਯਕੀਨੀ ਬਣਾਉ ਕਿ ਲੋੜ ਹੋਣ ‘ਤੇ ਤੁਸੀਂ ਆਪਣੇ ਨਜ਼ਰ ਵਿੱਚ ਸੁਧਾਰ ਵਾਲੇ ਲੈਂਸ ਨਾਲ ਲੈ ਕੇ ਆਉ), ਅਤੇ ਤੁਹਾਨੂੰ ਕੈਮਰੇ ਵੱਲ ਦੇਖਣ ਲਈ ਕਿਹਾ ਜਾਵੇਗਾ। ਕੈਮਰੇ ‘ਤੇ, ਤੁਹਾਡੇ ਫਿੰਗਰਪ੍ਰਿੰਟ ਨੂੰ ਦੁਬਾਰਾ-ਸਕੈਨ ਕੀਤਾ ਜਾਵੇਗਾ ਅਤੇ ਪ੍ਰਤੀਨਿਧੀ ਤੁਹਾਡੇ ਦਸਤਖ਼ਤ ਕੈਪਚਰ ਕਰੇਗਾ ਅਤੇ ਤੁਹਾਡਾ ਫ਼ੋਟੋ ਲਵੇਗਾ।

**ਨੋਟ:** ਇਹ ਦਸਤਖ਼ਤ ਅਤੇ ਫ਼ੋਟੋ ਤੁਹਾਡੇ ਡਰਾਈਵਰ ਲਾਈਸੈਂਸ ‘ਤੇ ਨਜ਼ਰ ਜਾਣਗੇ।

ਚਰਣ 4

## ਤੁਹਾਡੇ ਗਿਆਨ ਦਾ ਟੈਸਟ

DMV ਪ੍ਰਬੰਧਕ ਇਹ ਨਿਰਧਾਰਤ ਕਰਨ ਲਈ ਗਿਆਨ ਟੈਸਟ ਲੈਣਗੇ ਕਿ ਬਿਨੈਕਾਰ ਸੜਕ ਦੇ ਕਾਨੂੰਨਾਂ ਅਤੇ ਨਿਯਮਾਂ ਨੂੰ ਸਮਝਦਾ ਹੈ ਜਾਂ ਨਹੀਂ।

ਟੈਸਟ ਕੰਪਿਊਟਰ (ਟਚਸਕ੍ਰੀਨ ਟੈਸਟਿੰਗ)‘ਤੇ ਲਿਆ ਜਾ ਸਕਦਾ ਹੈ ਜਾਂ ਕੁਝ ਸਥਿਤੀਆਂ ਵਿੱਚ, ਪੇਪਰ ਜਾਂ ਔਡੀਓ ਰਾਹੀਂ ਵੀ ਲਿਆ ਜਾ ਸਕਦਾ ਹੈ। ਤੁਹਾਡੇ ਦੁਆਰਾ ਅਰਜ਼ੀ ਦਿੱਤੇ ਡਰਾਈਵਰ ਲਾਈਸੈਂਸ ਦੀ ਕਿਸਮ ਦੇ ਆਧਾਰ ‘ਤੇ, ਇੱਕ ਤੋਂ ਵੱਧ ਗਿਆਨ ਟੈਸਟ ਲੋੜੀਂਦਾ ਹੋ ਸਕਦਾ ਹੈ (ਉਦਾਹਰਣ ਲਈ, ਮੋਟਰਸਾਈਕਲ ਜਾਂ ਵਪਾਰਕ ਲਾਈਸੈਂਸ)। ਗਿਆਨ ਟੈਸਟ ਅਨੇਕਾਂ ਭਾਸ਼ਾਵਾਂ ਵਿੱਚ ਉਪਲਬਧ ਹਨ। ਤੁਸੀਂ ਖੇਤਰੀ ਦਫ਼ਤਰ ਬੰਦ ਹੋਣ ਦੇ ਅੱਧੇ ਘੰਟੇ (30 ਮਿੰਟ) ਦੇ ਅੰਦਰ ਗਿਆਨ ਟੈਸਟ ਸ਼ੁਰੂ ਨਹੀਂ ਕਰ ਸਕਦੇ ਹੋ।

ਟੈਸਟ ਪੂਰਾ ਕਰਨ ਤੋਂ ਬਾਅਦ, ਪ੍ਰਤੀਨਿਧੀ ਦੁਆਰਾ ਦੱਸੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੋ। ਟਚਸਕ੍ਰੀਨ ਟੈਸਟ ਆਪਣੇ ਆਪ ਗ੍ਰੇਡ ਨਿਰਧਾਰਤ ਕਰੇਗਾ। ਪੇਪਰ ਜਾਂ ਔਡੀਓ ਟੈਸਟ ਦੇ ਗ੍ਰੇਡ DMV ਪ੍ਰਤੀਨਿਧੀ ਦੁਆਰਾ ਦਿੱਤੇ ਜਾਂਦੇ ਹਨ। ਪਾਸ ਨਹੀਂ ਹੋਏ? ਚਿੰਤਾ ਨਾ ਕਰੋ। ਤੁਸੀਂ ਇਹ ਚਰਣ ਦੁਹਰਾ ਸਕਦੇ ਹੋ। ਦੁਬਾਰਾ ਟੈਸਟ ਦੇਣ ਤੋਂ ਪਹਿਲਾਂ, ਕੈਲੀਫੋਰਨੀਆਂ ਡਰਾਈਵਰ ਹੈਂਡਬੁੱਕ (California Driver Handbook) ਪੜ੍ਹ ਲਉ। ਪ੍ਰੋਵਿਜ਼ਨਲ ਬਿਨੈਕਾਰਾਂ ਨੂੰ ਦੁਬਾਰਾ ਟੈਸਟ ਦੇਣ ਤੋਂ ਪਹਿਲਾਂ ਇੱਕ ਹਫ਼ਤੇ ਤੱਕ ਉਡੀਕ ਕਰਨੀ ਜ਼ਰੂਰੀ ਹੈ। ਜੇ ਤੁਸੀਂ ਤਿੰਨ (3) ਕੋਸ਼ਿਸ਼ਾਂ ਤੋਂ ਬਾਅਦ ਵੀ ਗਿਆਨ ਟੈਸਟ ਪਾਸ ਨਹੀਂ ਕਰਦੇ ਹੋ, ਤਾਂ ਤੁਹਾਨੂੰ ਐਪਲੀਕੇਸ਼ਨ ਪ੍ਰਕਿਰਿਆ ਦੁਬਾਰਾ ਸ਼ੁਰੂ ਕਰਨ ਦੀ ਲੋੜ ਹੋਵੇਗੀ (ਚਰਣ 1 ‘ਤੇ ਜਾਉ)।

**ਨੋਟ:** ਤੁਸੀਂ ਉਦੋਂ ਤੱਕ ਗੱਡੀ ਨਹੀਂ ਚਲਾ ਸਕਦੇ ਹੋ ਜਦੋਂ ਤੱਕ ਤੁਹਾਡੇ ਕੋਲ ਗੱਡੀ ਚਲਾਉਣ ਲਈ ਅਧਿਕ੍ਰਿਤ ਦਸਤਾਵੇਜ਼ ਨਹੀਂ ਹੁੰਦੇ।

ਗਿਆਨ ਟੈਸਟ ਪਾਸ ਕਰ ਲਿਆ? **ਵਧਾਈਆਂ!**

ਚਰਣ 5

## ਗਿਆਨ ਟੈਸਟ ਪਾਸ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਗਿਆਨ ਟੈਸਟ ਪਾਸ ਕਰਨ ਤੋਂ ਬਾਅਦ, ਆਪਣਾ ਲਾਇਸੰਸਿੰਗ ਦਸਤਾਵੇਜ਼ ਪ੍ਰਾਪਤ ਕਰਨ ਲਈ ਤੁਹਾਡਾ ਵਿੰਡੋ ‘ਤੇ ਵਾਪਸ ਜਾਣਾ ਜ਼ਰੂਰੀ ਹੈ। ਤਸਦੀਕ ਕਰੋ ਕਿ ਤੁਹਾਡੇ ਲਾਇਸੰਸਿੰਗ ਦਸਤਾਵੇਜ਼ ‘ਤੇ ਪ੍ਰਿੰਟ